saffronpress
global words global world

**FOR IMMEDIATE RELEASE**: September 2009

# A Lion's Mane

ਟੋਰਾਂਟੋ: ***'ਅ ਲਾਇਨਜ਼ ਮੇਨ*** (ਬੱਬਰ ਸ਼ੇਰ ਦੀ ਅਯਾਲ ਦਿੱਕ) ਨਵਜੋਤ ਕੌਰ ਦੀ ਪਲੇਠੀ ਬਾਲ ਪੁਸਤਕ ਹੈ ਜੋ 7 ਸਾਲ ਦੀ ਉਮਰ ਤੋਂ ਉਪਰ ਦੇ ਬੱਚਿਆਂ ਲਈ ਲਿਖੀ ਗਈ ਹੈ। ਇਸ ਸੁਚਿੱਤਰ ਕਥਾ ਵਿਚ ਇਕ ਸਭਿਆਚਾਰ ਦੀ ਪਛਾਣ ਅਤੇ ਸੰਸਾਰ ਪੱਧਰ 'ਤੇ ਆ ਰਹੀਆਂ ਸਭਿਆਚਾਰਕ ਤਬਦੀਲੀਆਂ ਦੇ ਦੌਰ ਵਿਚ ਸਭਿਆਚਾਰ ਅਤੇ ਰਹਿਤਲ ਦੇ ਵਿਵਿਧ ਅਰਥਾਂ ਨੂੰ ਦਰਸਾਇਆ ਗਿਆ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਪਾਠਕ ਪੂਰੀ ਦੁਨੀਆਂ ਦੇ ਸਭਿਆਚਾਰ ਦਾ ਸਫ਼ਰ ਕਰਦਾ ਦਸਤਾਰ ਦੇ ਮਾਅਨੇ ਖ਼ਾਸ ਕਰਕੇ ਸਿੱਖਾਂ ਦੀ ਦਸਤਾਰ ਦੇ ਮਾਅਨੇ ਲਭਦਾ ਹੈ। ਇਹ ਕਿਤਾਬ ਚੇਤਨਾ ਰੱਖਣ ਵਾਲੇ ਨੌਜਵਾਨਾਂ ਲਈ ਹੋਰ ਚੇਤਨਤਾ ਦੇ ਕਿਵਾੜ ਖੋਲ੍ਹਦੀ ਪ੍ਰਤੀਤ ਹੁੰਦੀ ਹੈ ਅਤੇ ਪਛਾਣ ਤੇ ਵਿਰਾਸਤ ਦੇ ਮੁੱਦੇ 'ਤੇ ਸੰਵਾਦ ਛੇੜਦੀ ਹੈ। ਇਸ ਕਹਾਣੀ ਵਿਚ ਰੌਚਿਕਤਾ ਦੇ ਨਾਲ ਨਾਲ ਇਕ ਪ੍ਰੇਰਨਾ ਅਤੇ ਸੇਧ ਵੀ ਦਿੱਤੀ ਗਈ ਹੈ।

ਕਿਤਾਬ ਦੀ ਲੇਖਕਾ ਨਵਜੋਤ ਕੌਰ ਇੰਗਲੈਂਡ ਦੀ ਜੰਮਪਲ ਹੈ ਅਤੇ ਉਸ ਦਾ ਪਾਲਣ ਪੋਸ਼ਣ ਪੰਜਾਬੀ ਅਤੇ ਸਿੱਖ ਸਭਿਆਚਾਰ ਵਿਚ ਹੋਇਆ ਹੋਣ ਕਰਕੇ ਉਹ ਆਪਣੀ ਵਿਰਾਸਤ ਨੂੰ ਬਾਖੂਬੀ ਜਾਣਦੀ ਹੈ। ***'ਅ ਲਾਇਨਜ਼ ਮੇਨ*** ਲੇਖਕਾ ਦੀ ਪਲੇਠੀ ਪੁਸਤਕ ਹੈ ਜੋ ਇਕ ਵਿਸ਼ਵ ਨਾਗਰਿਕ ਵਜੋਂ ਸਮੁੱਚੇ ਸੰਸਾਰ ਦੇ ਸੰਦਰਭ ਵਿਚ ਲਿਖੀ ਗਈ ਹੈ। ਨਵਜੋਤ ਕੌਰ ਚਿਲਡਰਨ ਰਾਈਟਰਜ਼ ਐਂਡ ਇਲ ਸਟਰੇਟਰਜ਼ ਸੋਸਾਇਟੀ ਦੀ ਮੈਂਬਰ ਹੈ ਅਤੇ ਉਹ ਆਪਣੇ ਪਤੀ ਅਤੇ ਇਕ ਬੱਚੇ ਸਮੇਤ ਕੈਨੇਡਾ 'ਚ ਓਂਟਾਰੀਓ ਰਹਿ ਰਹੀ ਹੈ।

ਇਸ ਪੁਸਤਕ ਦੀ ਚਿੱਤਰਕਾਰੀ ਜਸਪ੍ਰੀਤ ਸੰਧੂ ਵੱਲੋਂ ਕੀਤੀ ਗਈ ਹੈ ਜੋ ਫਿਲਮ, ਐਨੀਮੇਸ਼ਨ, ਡੀਜ਼ਾਈਨ ਅਤੇ ਚਿੱਤਰਕਾਰੀ ਸਮੇਤ ਬਹੁਤ ਸਾਰੇ ਵਿਸ਼ਿਆਂ ਦੀ ਚਿੱਤਰਕਾਰ ਹੈ। ਉਹ ਯੌਰਕ ਯੂਨੀਵਰਸਿਟੀ 'ਚ ਪੜ੍ਹ ਰਹੀ ਹੈ ਅਤੇ ਫਿਲਮ ਨਿਰਮਾਣ ਅਤੇ ਦੱਖਣੀ ਏਸ਼ੀਆਈ ਅਧਿਐਨ ਉਪਰ ਕੰਮ ਕਰ ਰਹੀ ਹੈ। ਉਸ ਦੀ ਚਿੱਤਰਕਲਾ ਦਾ ਮੁੱਖ ਕੇਂਦਰ ਵਿਭਿੰਨਤਾ ਅਤੇ ਸਭਿਆਚਾਰਕ ਮੁੱਦੇ ਹਨ। ਉਸ ਨੇ ਪਹਿਲੀ ਵਾਰ ***'ਅ ਲਾਇਨਜ਼ ਮੇਨ*** ਬਾਲ ਪੁਸਤਕ ਲਈ ਚਿੱਤਰਕਾਰੀ ਕੀਤੀ ਹੈ।




'ਅ ਲਾਇਨਜ਼ ਮੇਨ • $16.99 / $18.50 CDN
August 2009

ਇਹ ਕਿਤਾਬ ਸੈਫਰਨ ਪ੍ਰੈਸ ਵੱਲੋਂ ਛਾਪੀ ਗਈ ਹੈ। ਇਹ ਕਿਤਾਬ 100% ਰੀਸਾਈਕਲ ਕਾਗਜ਼ ਉਪਰ ਛਾਪੀ ਗਈਹੈ ਜੋ ਕਿ ਵਾਤਾਵਰਣ ਪੱਖੀ ਕਦਮ ਹੈ। ਇਸ ਕਿਤਾਬ ਦੇ ਪਹਿਲੇ ਅਡੀਸ਼ਨ ਲਈ 625 ਦਰਖਤ ਲਗਾਏ ਗਏ ਹਨ। ਹਰੇਕ ਕਿਤਾਬ ਦੀ ਵਿਕਰੀ ਦਾ ਕੁਝ ਹਿੱਸਾ ਦੁਨੀਆਂ ਦੇ ਨੇਤਰਹੀਣ ਬੱਚਿਆਂ ਦੀ ਭਲਾਈ ਅਤੇ ਦ੍ਰਿਸ਼ਟੀ ਬਹਾਲੀ ਲਈ ਸੇਵਾ ਕੈਨੇਡਾ ਜਥੇਬੰਦੀ ਨੂੰ ਦਿੱਤਾ ਜਾਵੇਗਾ।

Contact:
info@saffronpress.com

***A Lion's Mane*** • Written by Navjot Kaur • Illustrated by Jaspreet Sandhu
Full-Colour Illustrations • Printed on Recycled Paper • ISBN 978-0-9812412-0-3 • $16.99/$18.50 CDN
Hardcover • 32 pages • Ages 7 and up • Release Date: August 2009
www.saffronpress.com

REVIEW COPIES AVAILABLE UPON REQUEST